# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 17-08-202**

## <u>ਪਹਿਲਾ ਬੁਲੇਟਿਨ ਦੀਆਂ ਖ਼ਾਸ ਖ਼ਬਰਾਂ...</u>

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਦਿੱਲੀ ਵਿੱਚ ਗਿਆਰਾਂ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਦੋ ਰਾਸ਼ਟਰੀ ਸ਼ਾਹਰਾਹ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।

- ਚੋਣ ਕਮਿਸ਼ਨ ਨੇ ਅੱਜ ਕਿਹਾ ਏ ਕਿ ਸਾਰੀਆਂ ਪਾਰਟੀਆਂ ਉਸ ਦੇ ਸਾਹਮਣੇ ਬਰਾਬਰ ਨੇ ਕਿਉਂਕਿ ਇਹ ਸਿਆਸੀ ਪਾਰਟੀਆਂ ਵਿੱਚ ਵਿਤਕਰਾ ਨਹੀਂ ਕਰਦਾ।

- ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ‘ਚ ਲਗਾਤਾਰ ਬੱਦਲ ਫਟਣ ਦੀਆਂ ਘਟਨਾਵਾਂ ਅਤੇ ਭਾਰੀ ਮੀਂਹ ਕਾਰਣ ਪੰਜਾਬ ਦੇ ਦਰਿਆਵਾਂ

‘ਚ ਪਾਣੀ ਦਾ ਪਧਰ ਵਧ ਗਿਆ ਏ ਤੇ ਕਈ ਇਲਾਕਿਆਂ ‘ਚ ਹੜ੍ਹਾਂ ਦੇ ਹਾਲਾਤ ਬਣ ਗਏ ਨੇ.

- ਸੂਬੇ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਸਥਿਤੀ ਦਾ ਜਾਇਜ਼ਾ ਲੈਣ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਨਾਲ ਗੱਲਬਾਤ ਕੀਤੀ ਤੇ ਤੁਰੰਤ ਰਾਹਤ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਨੇ ।

- ਫੁੱਟਬਾਲ ਵਿੱਚ, ਮੋਹਨ ਬਾਗਾਨ ਸੁਪਰ ਜਾਇੰਟਸ ਅੱਜ ਸ਼ਾਮ ਡੁਰੈਂਡ ਕੱਪ ਕੁਆਰਟਰ ਫਾਈਨਲ ਵਿੱਚ ਆਪਣੇ ਪੁਰਾਣੇ ਵਿਰੋਧੀ ਈਸਟ ਬੰਗਾਲ ਖਿਲਾਫ਼ ਖੇਡੇਗਾ.

## <u>ਹੁਣ ਖ਼ਬਰਾਂ ਵਿਸਥਾਰ ਨਾਲ</u>

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ 11,ਹਜ਼ਾਰ ਕਰੋੜ ਰੁਪਏ ਦੇ ਦੋ ਰਾਸ਼ਟਰੀ ਸ਼ਾਹਰਾਹ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਦਸ ਸਾਲਾਂ ਵਿੱਚ ਦਿੱਲੀ ਅਤੇ ਰਾਸ਼ਟਰੀ

ਰਾਜਧਾਨੀ ਖੇਤਰ ਵਿੱਚ ਸੜਕ ਸੰਪਰਕ ਵਿੱਚ ਬੇਮਿਸਾਲ ਸੁਧਾਰ ਹੋਇਆ ਏ । ਇਨ੍ਹਾਂ ਪ੍ਰੋਜੈਕਟਾਂ ਵਿੱਚ ਦਵਾਰਕਾ ਐਕਸਪ੍ਰੈਸਵੇਅ ਦਾ ਦਿੱਲੀ ਹਿੱਸਾ ਅਤੇ ਸ਼ਹਿਰੀ ਪਸਾਰ ਰੋਡ-UER-2 ਸ਼ਾਮਲ ਨੇ. ਇਹ ਪ੍ਰੋਜੈਕਟ ਰਾਸ਼ਟਰੀ ਰਾਜਧਾਨੀ ਨੂੰ ਭੀੜ-ਭੜੱਕੇ ਤੋਂ ਮੁਕਤ ਕਰਨ ਲਈ ਸਰਕਾਰ ਦੀ ਵਿਆਪਕ ਯੋਜਨਾ ਦੇ ਤਹਿਤ ਵਿਕਸਤ ਕੀਤੇ ਗਏ ਨੇ. ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਦਸ ਸਾਲਾਂ ਵਿੱਚ ਦਿੱਲੀ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਸੜਕ ਸੰਪਰਕ ਵਿੱਚ ਬੇਮਿਸਾਲ ਸੁਧਾਰ ਹੋਇਆ ਏ -

**byte**

ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸਾਰੇ ਦਿੱਲੀ ਵਾਸੀਆਂ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਦੇ ਵਿਕਾਸ ਲਈ ਅਣਥੱਕ ਮਿਹਨਤ ਕੀਤੀ ਏ ।

---------------------------------------------------

ਚੋਣ ਕਮਿਸ਼ਨ ਨੇ ਅੱਜ ਕਿਹਾ ਏ ਕਿ ਸਾਰੀਆਂ ਪਾਰਟੀਆਂ ਉਸ ਦੇ ਸਾਹਮਣੇ ਬਰਾਬਰ ਨੇ ਕਿਉਂਕਿ ਇਹ ਸਿਆਸੀ ਪਾਰਟੀਆਂ ਵਿੱਚ

ਵਿਤਕਰਾ ਨਹੀਂ ਕਰਦਾ। ਅੱਜ ਦੁਪਹਿਰ ਬਾਅਦ ਨਵੀਂ ਦਿੱਲੀ ਵਿੱਚ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਚੋਣ ਕਮਿਸ਼ਨ ਆਪਣੇ ਸੰਵਿਧਾਨਕ ਫਰਜ਼ ਤੋਂ ਕਦੇ ਵੀ ਪਿੱਛੇ ਨਹੀਂ ਹਟੇਗਾ। ਸ਼੍ਰੀ ਕੁਮਾਰ ਨੇ ਕਿਹਾ ਕਿ ਕੁਝ ਲੋਕ ਦੋਹਰੀ ਵੋਟਿੰਗ ਦਾ ਇਲ੍ਜ਼ਾਮ ਲਗਾਉਂਦੇ ਨੇ, ਪਰ ਜਦੋਂ ਸਬੂਤ ਮੰਗੇ ਜਾਂਦੇ ਨੇ ਤਾਂ ਕੋਈ ਜਵਾਬ ਨਹੀਂ ਦਿੱਤਾ ਜਾਂਦਾ। ਉਨ੍ਹਾਂ ਟਿੱਪਣੀ ਕੀਤੀ ਕਿ ਨਾ ਤਾਂ ਚੋਣ ਕਮਿਸ਼ਨ ਅਤੇ ਨਾ ਹੀ ਕੋਈ ਵੋਟਰ ਅਜਿਹੇ ਝੂਠੇ ਇਲਜ਼ਾਮਾਂ ਤੋਂ ਡਰਦਾ ਏ । ਓਹਨਾਂ ਸਪੱਸ਼ਟ ਕੀਤਾ ਕਿ ਚੋਣ ਕਮਿਸ਼ਨ ਗਰੀਬ, ਅਮੀਰ, ਬਜ਼ੁਰਗ, ਔਰਤਾਂ ਅਤੇ ਨੌਜਵਾਨਾਂ ਸਮੇਤ ਸਾਰੇ ਵਰਗਾਂ ਅਤੇ ਸਾਰੇ ਧਰਮਾਂ ਦੇ ਵੋਟਰਾਂ ਨਾਲ ਬਿਨਾਂ ਕਿਸੇ ਭੇਦਭਾਵ ਦੇ ਖੜ੍ਹਾ ਹੋਵੇਗਾ। ਸ਼੍ਰੀ ਕੁਮਾਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੋਕ ਸਭਾ ਚੋਣਾਂ ਦੌਰਾਨ ਇੱਕ ਕਰੋੜ ਤੋਂ ਵੱਧ ਸਰਕਾਰੀ ਮੁਲਾਜ਼ਮ, 10 ਲੱਖ ਤੋਂ ਵੱਧ ਬੂਥ-ਪੱਧਰ ਦੇ ਏਜੰਟ ਅਤੇ ਉਮੀਦਵਾਰਾਂ ਦੇ 20 ਲੱਖ ਤੋਂ ਵੱਧ ਪੋਲਿੰਗ ਏਜੰਟ ਇਸ ਪ੍ਰਕਿਰਿਆ ਦਾ ਹਿੱਸਾ ਸਨ। ਉਨ੍ਹਾਂ ਸੁਆਲ ਕੀਤਾ ਕਿ ਇੰਨੇ ਸਾਰੇ ਲੋਕਾਂ ਦੇ

ਸਾਹਮਣੇ ਇੰਨੀ ਪਾਰਦਰਸ਼ੀ ਪ੍ਰਕਿਰਿਆ ਵਿੱਚ ਵੋਟਾਂ ਕਿਵੇਂ ਚੋਰੀ ਕੀਤੀਆਂ ਜਾ ਸਕਦੀਆਂ ਨੇ.

-----------------------------------------------------------

ਪੰਜਾਬ ਸਰਕਾਰ ਵਲੋਂ ਲੈਂਡ ਪੂਲਿੰਗ ਪਾਲਿਸੀ ਵਾਪਿਸ ਲਏ ਜਾਣ ਤੇ ਪੰਜਾਬ ਭਾਜਪਾ ਵਲੋਂ ਰਾਜਪੁਰਾ ਵਿਖੇ 'ਮਜ਼ਦੂਰ ਕਿਸਾਨ ਫਤਿਹ ਰੈਲੀ' ਕਰਾਈ ਗਈ. ਇਸ ਦੌਰਾਨ ਭਾਜਪਾ ਦੇ ਕੌਮੀ ਜਨਰਲ ਸਕੱਤਰ ਸ੍ਰੀ ਤਰੁਣ ਚੁੱਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਪੰਜਾਬੀਆਂ ਨੂੰ ਲੁੱਟਣ ਦੀ ਬਣਾਈ ਚਾਲ ਨੂੰ ਪੰਜਾਬੀਆਂ ਨੇ ਫੇਲ ਕਰ ਦਿੱਤਾ ਏ ਜਿਸ ਲਈ ਓਹਨਾ ਸਾਰੇ ਪੰਜਾਬੀਆਂ ਨੂੰ ਵਧਾਈ ਦਿੱਤੀ । ਓਹਨਾ ਇਲ੍ਜ਼ਾਮ ਲਾਇਆ ਕਿ ਭਗਵੰਤ ਮਾਨ ਦੀ ਪਾਰਟੀ ਨੇ ਪੰਜਾਬ ਨੂੰ ਅਪਣਾ ਪਿੱਗੀ ਬੈਂਕ ਬਣਾ ਰੱਖਿਆ ਏ ਤੇ ਉਹ ਲੈਂਡ ਮਾਫੀਆਂ ਨੂੰ ਖੁਸ਼ ਕਰਨ ਤੇ ਚੋਣ ਫੰਡ ਇਕੱਠਾ ਕਰਨ ਲੱਗੇ ਹੋਏ ਨੇ।  ਸ੍ਰੀ ਚੁਘ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸੁਆਲ ਕੀਤਾ ਕਿ ਮਹਲਾਵਾਂ ਦੇ ਇੱਕ ਹਜ਼ਾਰ ਰੁਪਏ ਕਿੱਥੇ ਨੇ ? ਓਹਨਾ ਕਿਹਾ ਕਿ ਅੱਜ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੇ ਆਪ ਆਗੂਆਂ ਨੂੰ ਪਿੰਡ ਚ ਪੈਰ ਨਾ ਰੱਖਣ ਦੀ ਨਸੀਹਤ ਦਿੱਤੀ ਹੋਈ ਏ ।

ਇਸ ਮੌਕੇ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਨੇ ਕਿਹਾ ਕਿ ਪੰਜਾਬੀਆਂ ਦੇ ਵਿਰੋਧ ਨੂੰ ਦੇਖਦੇ ਹੀ ਪੰਜਾਬ ਸਰਕਾਰ ਨੂੰ ਆਪਣੀ ਪਾਲਿਸੀ ਵਾਪਿਸ ਲੈਣੀ ਪਈ ਏ ਅਤੇ ਇਹ ਪੂਰੇ ਪੰਜਾਬ ਦੀ ਜਿੱਤ ਏ। ਓਹਨਾ ਕਿਹਾ ਕਿ ਅੱਜ ਤੋਂ ਹੀ ਪੰਜਾਬ ਵਿਚ ਰੈਲੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਏ ਤੇ ਹੁਣ ਪੰਜਾਬ ਦੇ ਲੋਕ ਭਾਜਪਾ ਵੱਲ ਉਮੀਦ ਨਾਲ ਦੇਖ ਰਹੇ ਨੇ।  ਕੇਂਦਰੀ ਮੰਤਰੀ ਬਿੱਟੂ ਨੇ ਪਿਛਲੇ ਦਿਨੀਂ ਆਪ ਆਗੂ ਮਨੀਸ਼ ਸਿਸੋਦੀਆ ਦੇ ਦਿੱਤੇ ਸਾਮ ਦੰਡ ਵਾਲੇ ਬਿਆਨ ਦੀ ਨਿਖੇਧੀ ਕਰਦਿਆਂ ਆਖਿਆ ਕਿ ਹੁਣ ਅਸੀ ਰਲ ਕੇ ਪੰਜਾਬ ਨੂੰ ਕਥਿਤ ਤੌਰ ‘ਤੇ ਲੁੱਟਣ ਆਏ ਦਿੱਲੀ ਵਾਲਿਆਂ ਨੂੰ ਵਾਪਸ ਭੇਜ ਦੇਣਾ ਏ। ਉਧਰ ਬੀਤੇ ਦਿਨੀ ਮਨੀਸ਼ ਸਿਸੋਦੀਆ ਦੇ ਇਸ ਬਿਆਨ ਦੀ ਪੰਜਾਬ ਭਾਜਪਾ ਪ੍ਰਧਾਨ, ਸੁਨੀਲ ਜਾਖੜ ਨੇ ਵੀ ਨਿਖੇਧੀ ਕਰਦਿਆਂ ਇਸ ਬਿਆਨ ਨੂੰ ਲੋਕਤੰਤਰ ਦੇ ਢਾਂਚੇ ਦੇ ਲਈ ਵੱਡਾ ਖ਼ਤਰਾ ਦੱਸਿਆ ਅਤੇ ਚੋਣ ਕਮਿਸ਼ਨ ਨੂੰ ਇਸ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਬੇਨਤੀ ਕੀਤੀ ਸੀ. ਇਸ ਰੈਲੀ ਨੂੰ ਸੀਨੀਅਰ ਬੀਜੇਪੀ ਨੇਤਾ ਪਰਨੀਤ ਕੋਰ ਅਤੇ ਬੀਜੇਪੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਸ਼ਵਿਨੀ ਸ਼ਰਮਾ ਨੇ ਵੀ ਸੰਬੋਧਨ ਕੀਤਾ.

----------------------------------------------------------

ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ‘ਚ ਲਗਾਤਾਰ ਬੱਦਲ ਫਟਣ ਦੀਆਂ ਘਟਨਾਵਾਂ ਅਤੇ ਭਾਰੀ ਮੀਂਹ ਕਾਰਣ ਪੰਜਾਬ ਦੇ ਹਿਮਾਚਲ ਨਾਲ ਲਗਦੇ ਹਿੱਸਿਆਂ ‘ਚ ਹੜ੍ਹਾਂ ਦੇ ਹਾਲਾਤ ਬਣ ਗਏ ਨੇ. ਦਰਿਆ ਚੜ੍ਹੇ ਹੋਏ ਨੇ ਜਿਸ ਕਰਕੇ ਵਖ -ਵਖ ਬੰਨਾਂ ਚੋਂ ਪਾਣੀ ਛੱਡਣਾ ਪੈ ਰਿਹਾ ਏ ਜਿਸ ਕਾਰਣ ਸੂਬੇ ਦੇ ਕਈ ਹਿੱਸੇ ਪ੍ਰਭਾਵਿਤ ਨੇ. ਪਠਾਨਕੋਟ ਵਿਖੇ ਬੀਤੀ ਰਾਤ ਤੋਂ ਸ਼ੁਰੂ ਹੋਈ ਬਾਰਿਸ਼ ਕਾਰਨ ਜ਼ਿਲ੍ਹੇ ਵਿੱਚ ਜਲਾਲੀਆ ਦਰਿਆ ‘ਚ ਪਾਣੀ ਦਾ ਪੱਧਰ ਵੱਧ ਗਿਆ ਏ. ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਬਮਿਆਲ ਸੈਕਟਰ ਨੇੜੇ ਦੇ ਅਨਿਲਾਓਲ, ਬਮਿਆਲ, ਮਸਤਪੁਰ ਮੁਠੀ ਸਮੇਤ ਲਗਭਗ ਇੱਕ ਦਰਜਨ ਪਿੰਡਾਂ ਵਿਖੇ ਘਰਾਂ ਵਿੱਚ ਪਾਣੀ ਦਾਖਿਲ ਹੋ ਗਿਆ ਏ ਤੇ , ਹੜ੍ਹ ਵਰਗੀ ਸਥਿਤੀ ਬਣੀ ਹੋਈ ਏ. ਕਿਸਾਨਾਂ ਦੀਆਂ ਫਸਲਾਂ ਵੀ ਨੁਕਸਾਨੀਆਂ ਗਈਆਂ ਨੇ.ਸਥਾਨਕ ਲੋਕਾਂ ਨੂੰ ਇਲਾਕੇ ‘ਚ ਪਾਣੀ ਭਰ ਜਾਣ ਕਾਰਣ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਏ-

**byte**

ਇਸ ਦੌਰਾਨ ਕੈਬਿਨੇਟ ਮੰਤਰੀ ਲਾਲ ਚੰਦ ਕਟਾਰੂ ਚੱਕ ਨੇ ਅਧਿਕਾਰੀਆਂ ਨਾਲ ਸਰਹੱਦੀ ਇਲਾਕੇ ਦੇ ਜਲਾਲੀਆ ਦਰਿਆ ਦਾ ਨਿਰੀਖਣ ਕੀਤਾ ਤੇ ਮਦਦ ਦਾ ਭਰੋਸਾ ਦਿੱਤਾ –

**byte**

ਕਠੂਆ ਵਿੱਚ ਬਦਲ ਫਟਣ ਤੇ ਭਾਰੀ ਬਾਰਿਸ਼ ਕਾਰਨ ਜ਼ਮੀਨ ਖਿਸਕਣ ਅਤੇ ਪਟੜੀਆਂ 'ਤੇ ਮਲਬਾ ਡਿੱਗਣ ਕਰਕੇ ਜੰਮੂ ਜਾਣ ਵਾਲੀਆਂ ਰੇਲਗੱਡੀਆਂ ਦੀ ਆਵਾਜਾਈ ਪ੍ਰਭਾਵਿਤ ਹੋਈ ਏ। ਰੇਲਵੇ ਨੇ ਕਈ ਰੇਲਗੱਡੀਆਂ ਨੂੰ ਰੱਦ ਕਰ ਦਿੱਤਾ ਏ। ਇਸ ਬਾਰੇ ਜਾਣਕਾਰੀ ਦਿੰਦੇ ਹੋਏ, ਜੰਮੂ ਰੇਲਵੇ ਡਿਵੀਜ਼ਨ ਦੇ ਮੁੱਖ ਵਪਾਰਕ ਪ੍ਰਬੰਧਕ ਉਚਿਤ ਸਿੰਘਲ ਨੇ ਕਿਹਾ ਏ ਕਿ ਕਈ ਰੇਲਗੱਡੀਆਂ ਨੂੰ ਮੰਜ਼ਿਲ ਤੋਂ ਪਹਿਲਾਂ ਖਤਮ ਕੀਤਾ ਗਿਆ ਏ ਅਤੇ ਕੁਝ ਦੇ ਰੂਟ ‘ਚ ਕਟੌਤੀ ਕੀਤੀ ਗਈ ਏ ਜਿਸ ਵਿੱਚ ਸਥਾਨਕ ਯਾਤਰੀ ਰੇਲਗੱਡੀਆਂ ਨੂੰ ਰੱਦ ਕਰਨਾ ਵੀ ਸ਼ਾਮਲ ਏ. ਕੁਝ ਰੇਲਗੱਡੀਆਂ ਨੂੰ ਪਠਾਨਕੋਟ ਕੈਂਟ ਅਤੇ ਕੁਝ ਨੂੰ ਜਲੰਧਰ ਕੈਂਟ 'ਤੇ ਰੋਕਿਆ ਗਿਆ ਏ . ਰਾਵੀ ਦਰਿਆ ਵਿੱਚ ਵੀ ਪਾਣੀ ਦਾ ਪੱਧਰ ਵੀ ਵੱਧ ਗਿਆ ਏ ਜਿਸ ਕਾਰਨ ਮਕੌੜਾ ਪੱਤਣ ਤੇ ਚੱਲਣ ਵਾਲੀ ਪਾਰਲੇ ਅੱਧੀ

ਦਰਜਨ ਪਿੰਡਾਂ ਦੇ ਲੋਕਾਂ ਦੇ ਆਉਣ ਜਾਣ ਲਈ ਕਿਸ਼ਤੀ ਦੀ ਸਹੂਲਤ ਵੀ ਬੰਦ ਕਰ ਦਿੱਤੀ ਗਈ ਏ. ਗੁਰਦਾਸਪੁਰ ਪ੍ਰਸ਼ਾਸਨ ਨੇ ਜਾਣਕਾਰੀ ਦਿੱਤੀ ਏ ਕਿ ਅੱਜ ਰਾਵੀ ਦਰਿਆ ਵਿੱਚ ਡੇਢ ਲਖ ਕਿਉਸੇਕ ਤੋਂ ਵੱਧ ਪਾਣੀ ਛੱਡਿਆ ਗਿਆ ਏ ਜਿਸ ਦੇ ਮੱਦੇਨਜ਼ਰ ਪ੍ਰਸ਼ਾਸਨ ਵਲੋਂ ਲੋਕਾਂ ਨੂੰ ਦਰਿਆ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਏ. ਅਧਿਕਾਰੀਆਂ ਦਾ ਕਹਿਣਾ ਏ ਕਿ ਜੇਕਰ ਕਿਸੇ ਵੀ ਤਰਾਂ ਦੀ ਹੜ ਵਰਗੀ ਸਥਿਤੀ ਬਣਦੀ ਏ ਤਾਂ ਪ੍ਰਸ਼ਾਸਨ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਏ. ਹੁਸ਼ਿਆਰਪੁਰ ਜ਼ਿਲ੍ਹੇ ਦੇ ਤਲਵਾੜਾ ਵਿੱਚ ਪੌਂਗ ਡੈਮ ਤੋਂ 10ਵੇਂ ਦਿਨ 57 ਹਜ਼ਾਰ 48 ਕਿਊਸਿਕ ਪਾਣੀ ਛਡਿਆ ਗਿਆ ਏ. ਪਾਣੀ ਦੇ ਲਗਾਤਾਰ ਛੱਡੇ ਜਾਣ ਕਾਰਨ ਬਿਆਸ ਦਰਿਆ ਦੇ ਪਾਣੀ ਦਾ ਪੱਧਰ ਕਾਫ਼ੀ ਵੱਧ ਗਿਆ ਏ।ਪ੍ਰਸ਼ਾਸਨ ਨੇ ਮੰਡ ਖੇਤਰ, ਜਿੱਥੇ 22 ਪਿੰਡਾਂ ਵਿੱਚ ਸੈਂਕੜੇ ਏਕੜ ਝੋਨੇ ਦੀ ਫਸਲ ਡੁੱਬ ਗਈ ਏ ਦੇ ਬਾਊਪੁਰ ਤੋਂ 500 ਤੋਂ ਵੱਧ ਪਿੰਡ ਵਾਸੀਆਂ ਨੂੰ ਕਢ ਕੇ ਸੁਰਖਿਅਤ ਥਾਵਾਂ 'ਤੇ ਪਹੁੰਚਾਇਆ ਏ. ਪਿੰਡ ਬਾਊਪੁਰ, ਬਾਊਪੁਰ ਕਦੀਮ, ਜਾਦੀਦ ਅਤੇ ਸਾਂਗਰਾ ਸਭ ਤੋਂ ਵੱਧ ਪ੍ਰਭਾਵਿਤ ਹੋਏ ਨੇ.

ਇਧਰ ਕਪੂਰਥਲਾ ਦੇ ਸੁਲਤਾਨਪੁਰ ਲੋਧੀ ਵਿੱਚ ਬਿਆਸ ਦਰਿਆ ਦੇ ਨੇੜੇ 20 ਤੋਂ ਵੱਧ ਪਿੰਡ ਪ੍ਰਭਾਵਿਤ ਹੋਏ ਨੇ. ਜ਼ਿਲ੍ਹਾ ਪ੍ਰਸ਼ਾਸਨ, ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਰਾਹਤ ਸਮੱਗਰੀ ਪਹੁੰਚਾ ਰਿਹਾ ਏ. ਪਟਿਆਲਾ ਜ਼ਿਲ੍ਹੇ ਵਿੱਚੋਂ ਨਿਕਲਣ ਵਾਲੇ 9 ਨਦੀਆਂ ਨਾਲਿਆਂ ਵਿੱਚੋ ਇਸ ਸਮੇਂ ਦੋ ਨਦੀਆਂ ਟਾਂਗਰੀ ਤੇ ਮਾਰਕੰਡਾ ਨਦੀ ਵਿਚ ਪਾਣੀ ਦਾ ਪੱਧਰ ਵੱਧ ਰਿਹਾ ਏ । ਟਾਂਗਰੀ ਤੇ ਮਾਰਕੰਡਾ ਨਦੀ ਨਦੀਆਂ ਖਤਰੇ ਦੇ ਨਿਸ਼ਾਨ ਤੋਂ ਉਪਰ ਨੇ . ਉਧਰ ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਸਥਿਤੀ ਦਾ ਜਾਇਜ਼ਾ ਲੈਣ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਨਾਲ ‘ਤੇ ਗੱਲਬਾਤ ਕੀਤੀ ।

---------------------------------------------------

ਫੁੱਟਬਾਲ ਵਿੱਚ, ਮੋਹਨ ਬਾਗਾਨ ਸੁਪਰ ਜਾਇੰਟਸ ਅੱਜ ਸ਼ਾਮ 7 ਵਜੇ ਕੋਲਕਾਤਾ ਦੇ ਆਈਕੋਨਿਕ ਵਿਵੇਕਾਨੰਦ ਯੁਬਾ ਭਾਰਤੀ ਕ੍ਰਿਰੰਗਨ ਵਿਖੇ ਡੂਰੈਂਡ ਕੱਪ ਕੁਆਰਟਰ ਫਾਈਨਲ ਵਿੱਚ ਆਪਣੇ ਪੁਰਾਣੇ ਵਿਰੋਧੀ ਈਸਟ ਬੰਗਾਲ ਖਿਲਾਫ਼ ਖੇਡੇਗਾ. ਦੋਵੇਂ ਟੀਮਾਂ ਗਰੁੱਪ ਪੜਾਅ ਵਿੱਚ ਅਜੇਤੂ

ਰਹੀਆਂ ਨੇ. ਈਸਟ ਬੰਗਾਲ ਨੌਂ ਅੰਕਾਂ ਨਾਲ ਗਰੁੱਪ A ਵਿੱਚ ਸਿਖਰ 'ਤੇ ਰਿਹਾ, ਜਦੋਂ ਕਿ ਮੋਹਨ ਬਾਗਾਨ ਨੇ ਗਰੁੱਪ B ਵਿੱਚ ਇੰਨੇ ਹੀ ਅੰਕ ਹਾਸਲ ਕੀਤੇ।

---------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਦਿੱਲੀ ਵਿੱਚ ਗਿਆਰਾਂ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਦੋ ਰਾਸ਼ਟਰੀ ਸ਼ਾਹਰਾਹ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।

- ਚੋਣ ਕਮਿਸ਼ਨ ਨੇ ਅੱਜ ਕਿਹਾ ਏ ਕਿ ਸਾਰੀਆਂ ਪਾਰਟੀਆਂ ਉਸ ਦੇ ਸਾਹਮਣੇ ਬਰਾਬਰ ਨੇ ਕਿਉਂਕਿ ਇਹ ਸਿਆਸੀ ਪਾਰਟੀਆਂ ਵਿੱਚ ਵਿਤਕਰਾ ਨਹੀਂ ਕਰਦਾ।

- ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ‘ਚ ਲਗਾਤਾਰ ਬੱਦਲ ਫਟਣ ਦੀਆਂ ਘਟਨਾਵਾਂ ਅਤੇ ਭਾਰੀ ਮੀਂਹ ਕਾਰਣ ਪੰਜਾਬ ਦੇ ਦਰਿਆਵਾਂ

‘ਚ ਪਾਣੀ ਦਾ ਪਧਰ ਵਧ ਗਿਆ ਏ ਤੇ ਕਈ ਇਲਾਕਿਆਂ ‘ਚ ਹੜ੍ਹਾਂ ਦੇ ਹਾਲਾਤ ਬਣ ਗਏ ਨੇ.

- ਸੂਬੇ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਸਥਿਤੀ ਦਾ ਜਾਇਜ਼ਾ ਲੈਣ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਨਾਲ ਗੱਲਬਾਤ ਕੀਤੀ ਤੇ ਤੁਰੰਤ ਰਾਹਤ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਨੇ।

- ਫੁੱਟਬਾਲ ਵਿੱਚ, ਮੋਹਨ ਬਾਗਾਨ ਸੁਪਰ ਜਾਇੰਟਸ ਅੱਜ ਸ਼ਾਮ ਡੁਰੈਂਡ ਕੱਪ ਕੁਆਰਟਰ ਫਾਈਨਲ ਵਿੱਚ ਆਪਣੇ ਪੁਰਾਣੇ ਵਿਰੋਧੀ ਈਸਟ ਬੰਗਾਲ ਖਿਲਾਫ਼ ਖੇਡੇਗਾ.

**ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗ ਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**